**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ), ਪੰਜਾਬ,**
ਪੀ.ਐਸ.ਈ.ਬੀ. ਬਿਲਡਿੰਗ, ਈ-ਬਲਾਕ, ਫੇਸ-8, ਸੈਕਟਰ-62, ਐਸ.ਏ.ਐਸ. ਨਗਰ,
(ਸੇਵਾਵਾਂ 2 ਸ਼ਾਖਾ)

ਵੱਲ,

ਪੰਜਾਬ ਰਾਜ ਦੇ ਸਮੂਹ
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:), (ਐ:ਸਿ:) ਅਤੇ
ਸਕੂਲ ਮੁਖੀ।

ਮੀਮੋ ਨੰਬਰ: 02/04-19 ਸੇ2 (9) 2019352203
ਮਿਤੀ : 14/10/19

ਵਿਸ਼ਾ : ਅਧਿਕਾਰੀਆ/ਕਰਮਚਾਰੀਆਂ ਦੀ ਬਦਲੀ ਹੋਣ ਉਪਰੰਤ ਉਹਨਾ ਦੇ ਜੀ.ਆਈ.ਐਸ. ਖਾਤੇ ਨਵੀਂ ਤੈਨਾਤੀ ਸਥਾਨ ਤੇ ਤਬਦੀਲ ਕਰਨ ਸਬੰਧੀ।

ਇਸ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਰਾਜ ਦੇ ਖੇਤਰੀ ਦਫ਼ਤਰਾਂ (ਜਿ.ਸਿ.ਅ.(ਸੈ:ਸਿ:), ਜਿ.ਸਿ.ਅ.(ਐ:ਸਿ:) ਅਤੇ ਸਕੂਲਾਂ) ਤੋਂ ਇਸ ਦਫ਼ਤਰ ਵਿਖੇ ਤਬਦੀਲ ਹੋਕੇ ਆਏ ਅਧਿਕਾਰੀਆਂ/ਕਰਮਚਾਰੀਆਂ ਦੇ ਜੀ.ਆਈ.ਐਸ. ਖਾਤੇ ਇਸ ਦਫ਼ਤਰ ਵਿਖੇ ਤਬਦੀਲ ਨਹੀਂ ਕੀਤੇ ਗਏ।

ਇਸ ਲਈ ਪੰਜਾਬ ਰਾਜ ਦੇ ਸਮੂਹ ਜਿ.ਸਿ.ਅ. (ਸੈ:ਸਿ:), ਜਿ.ਸਿ.ਅ. (ਐ:ਸਿ:) ਅਤੇ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੇ ਅਧਿਕਾਰੀ/ਕਰਮਚਾਰੀ ਤਬਦੀਲ ਹੋ ਕੇ ਮੁੱਖ ਦਫ਼ਤਰ ਵਿਖੇ ਹਾਜਰ ਹੋਏ ਹਨ ਉਹਨਾ ਦੇ ਜੀ.ਆਈ.ਐਸ. ਖਾਤੇ ਦੀਆਂ ਕਟੌਤੀਆਂ ਦੇ ਵੇਰਵੇ ਫਾਰਮ ਨੰਬਰ 11 ਵਿੱਚ ਭਰਕੇ ਤੁਰੰਤ ਮੁੱਖ ਦਫ਼ਤਰ ਵਿਖੇ ਭੇਜੇ ਜਾਣ ਤਾਂ ਜੋ ਜੀ.ਆਈ.ਐਸ. ਦੇ ਖਾਤੇ ਮੁਕੰਮਲ ਕਰਕੇ ਈ.ਐਚ.ਆਰ.ਐਮ.ਐਸ. ਸਾਫਟਵੇਅਰ ਤੇ ਅਪਡੇਟ ਕੀਤੇ ਜਾ ਸਕਣ ਅਤੇ ਸਬੰਧਤ ਅਧਿਕਾਰੀ/ਕਰਮਚਾਰੀ ਨੂੰ ਜੀ.ਆਈ.ਐਸ. ਦੀ ਅੰਤਿਮ ਅਦਾਇਗੀ ਸਮੇਂ ਸਿਰ ਕੀਤੀ ਜਾ ਸਕੇ। ਇਸ ਨੂੰ ਪਰਮਅਗੇਤ ਦਿੱਤੀ ਜਾਵੇ।

11/10/19
ਰਜਿਸਟਰਾਰ ਸਿੱਖਿਆ ਵਿਭਾਗ